BC CANCER LUNG SCREENING
Provincial Health Services Authority

ਫੇਫੜਿਆਂ ਦੀ ਸਕ੍ਰੀਨਿੰਗ ਦੇ ਨਤੀਜਿਆਂ ਦੀ ਸੂਚਨਾ
ਫਾਲੋ-ਅੱਪ ਦੀ ਸਿਫ਼ਾਰਸ਼ ਕੀਤੀ ਗਈ ਹੈ

Notice Date:
Exam Date:

Jane Sample
123 Example Avenue
City, Province, Postal Code

ਤੁਹਾਡੇ ਫੇਫੜਿਆਂ ਦੀ ਸਕ੍ਰੀਨਿੰਗ CT ਸਕੈਨ ਵਿੱਚ ਫੇਫੜਿਆਂ ਦੇ ਕੈਂਸਰ ਨਾਲ ਸਬੰਧਿਤ ਕੋਈ ਚਿੰਤਾਜਨਕ ਨਤੀਜੇ ਨਹੀਂ ਮਿਲੇ ਹਨ। ਐਪਰ , ਅਸੀਂ ਹੋਰ ਨਤੀਜੇ ਤੁਹਾਡੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਸਾਂਝੇ ਕੀਤੇ ਹਨ ਜੋ ਫੇਫੜਿਆਂ ਦੇ ਕੈਂਸਰ ਨਾਲ ਸਬੰਧਿਤ **ਨਹੀਂ** ਹਨ ਅਤੇ ਜਿਨ੍ਹਾਂ ਲਈ ਫਾਲੋ-ਅੱਪ ਦੀ ਲੋੜ ਹੋ ਸਕਦੀ ਹੈ। ਇਨ੍ਹਾਂ ਵਿੱਚ Emphysema, COPD, ਅਤੇ/ਜਾਂ Coronary Artery Calcification ਵਰਗੀਆਂ ਸਥਿਤੀਆਂ ਸ਼ਾਮਲ ਹੋ ਸਕਦੀਆਂ ਹਨ, ਜਿਨ੍ਹਾਂ ਬਾਰੇ ਤੁਹਾਨੂੰ ਪਹਿਲਾਂ ਤੋਂ ਜਾਣਕਾਰੀ ਹੋ ਸਕਦੀ ਹੈ।

ਅਗਲੇ ਕਦਮ: ਤੁਹਾਡੇ CT ਸਕੈਨ ਦੇ ਵਿਸਤ੍ਰਿਤ ਨਤੀਜੇ ਸਾਡੇ ਰਿਕਾਰਡ ਵਿੱਚ ਦਰਜ ਤੁਹਾਡੇ ਸਿਹਤ-ਸੰਭਾਲ ਪ੍ਰਦਾਨਕਰਤਾ: NATALIE EXAMPLE ਨੂੰ ਭੇਜੇ ਗਏ ਹਨ, ਜੇ ਤੁਹਾਨੂੰ ਫਾਲੋ-ਅੱਪ ਬਾਰੇ ਕੋਈ ਸਵਾਲ ਹੋਣ। ਜੇਕਰ ਇਹ ਪੱਤਰ ਪ੍ਰਾਪਤ ਕਰਨ ਤੋਂ ਇੱਕ ਹਫ਼ਤੇ ਦੇ ਅੰਦਰ ਅੰਦਰ ਤੁਹਾਨੂੰ ਉਨ੍ਹਾਂ ਵੱਲੋਂ ਕੋਈ ਸੰਪਰਕ ਨਹੀਂ ਕੀਤਾ ਜਾਂਦਾ, ਤਾਂ ਕਿਰਪਾ ਕਰਕੇ ਐਪੁਆਇੰਟਮੈਂਟ ਨਿਰਧਾਰਤ ਕਰਨ ਲਈ ਸਿੱਧੇ ਉਨ੍ਹਾਂ ਨਾਲ ਸੰਪਰਕ ਕਰੋ।

ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ ਨਿਯਮਿਤ ਸਕ੍ਰੀਨਿੰਗ ਲਈ **24** ਮਹੀਨਿਆਂ ਬਾਅਦ Lung Screening Program ਵਿੱਚ ਵਾਪਸ ਆਉ। ਜਦੋਂ ਤੁਹਾਡੇ ਅਗਲੇ CT ਸਕੈਨ ਦਾ ਸਮਾਂ ਹੋਵੇਗਾ, ਤਾਂ Lung Screening Program ਵੱਲੋਂ ਤੁਹਾਨੂੰ ਇੱਕ ਯਾਦ-ਦਿਹਾਨੀ ਪੱਤਰ ਭੇਜਿਆ ਜਾਵੇਗਾ। ਸਕ੍ਰੀਨਿੰਗ ਉਦੋਂ ਸਭ ਤੋਂ ਪ੍ਰਭਾਵਸ਼ਾਲੀ ਹੁੰਦੀ ਹੈ ਜਦੋਂ ਤੁਸੀਂ ਨਿਯਮਿਤ ਤੌਰ 'ਤੇ CT ਸਕੈਨ ਕਰਵਾਉਂਦੇ ਹੋ, ਤਾਂ ਜੋ ਪਤਾ ਲੱਗ ਸਕੇ ਕਿ ਕੀ ਤੁਹਾਡੇ ਪਿਛਲੇ ਸਕੈਨ ਤੋਂ ਬਾਅਦ ਕੋਈ ਨਵੇਂ ਦਾਗ (spots) ਬਣੇ ਹਨ ਜਾਂ ਮੌਜੂਦਾ ਦਾਗਾਂ ਵਿੱਚ ਕੋਈ ਤਬਦੀਲੀ ਆਈ ਹੈ। ਇਸ ਲਈ ਜਦੋਂ ਤੁਹਾਡੀ ਸਕ੍ਰੀਨਿੰਗ ਦਾ ਸਮਾਂ ਆ ਗਿਆ ਹੋਵੇ, ਤਾਂ ਵਾਪਸ ਆਉਣਾ ਮਹੱਤਵਪੂਰਨ ਹੈ।

ਭਾਵੇਂ ਕਿ ਫੇਫੜਿਆਂ ਦੀ ਸਕ੍ਰੀਨਿੰਗ ਲਈ CT ਸਕੈਨ ਫੇਫੜਿਆਂ ਦੇ ਕੈਂਸਰ ਨੂੰ ਸ਼ੁਰੂਆਤੀ ਪੜਾਅ ਵਿੱਚ ਲੱਭਣ ਲਈ ਬਹੁਤ ਪ੍ਰਭਾਵਸ਼ਾਲੀ ਹੈ, ਫਿਰ ਵੀ ਕੁਝ ਕੈਂਸਰਾਂ ਦਾ ਪਤਾ ਨਹੀਂ ਲੱਗ ਸਕਦਾ। ਜੇਕਰ ਤੁਹਾਨੂੰ ਕੋਈ ਨਵੇਂ ਲੱਛਣ ਵਿਕਸਿਤ ਹੁੰਦੇ ਹਨ, ਜਿਵੇਂ ਸਾਹ ਚੜ੍ਹਨਾ, ਛਾਤੀ ਵਿੱਚ ਦਰਦ, ਜਾਂ ਖੰਘ ਵਿੱਚ ਖ਼ੂਨ ਆਉਣਾ, ਤਾਂ ਕਿਰਪਾ ਕਰਕੇ ਤੁਰੰਤ ਆਪਣੇ ਸਿਹਤ-ਸੰਭਾਲ ਪ੍ਰਦਾਨਕਰਤਾ ਨੂੰ ਸੂਚਿਤ ਕਰੋ, ਭਾਵੇਂ ਕਿ ਤੁਹਾਡਾ CT ਸਕੈਨ ਆਮ ਹੀ ਕਿਉਂ ਨਾ ਆਇਆ ਹੋਵੇ।

ਸਿਗਰਟਨੋਸ਼ੀ ਛੱਡਣਾ: ਰਜਿਸਟ੍ਰੇਸ਼ਨ ਦੇ ਸਮੇਂ ਤੁਸੀਂ ਪ੍ਰੋਗਰਾਮ ਨੂੰ ਦੱਸਿਆ ਸੀ ਕਿ ਤੁਸੀਂ ਸਿਗਰਟਨੋਸ਼ੀ ਕਰ ਰਹੇ ਸੀ ਜਾਂ ਹਾਲ ਹੀ ਵਿੱਚ ਸਿਗਰਟਨੋਸ਼ੀ ਛੱਡੀ ਸੀ। ਸਿਗਰਟਨੋਸ਼ੀ ਛੱਡਣ ਨਾਲ ਫੇਫੜਿਆਂ ਦੀ ਸਕ੍ਰੀਨਿੰਗ ਦੇ ਫ਼ਾਇਦੇ ਦੁੱਗਣੇ ਹੋ ਜਾਂਦੇ ਹਨ ਅਤੇ ਤੁਹਾਡੇ ਫੇਫੜਿਆਂ ਦੀ ਸਿਹਤ ਵਿੱਚ ਮਹੱਤਵਪੂਰਨ ਸੁਧਾਰ ਹੁੰਦਾ ਹੈ। ਸਿਗਰਟਨੋਸ਼ੀ ਛੱਡਣ ਸਬੰਧੀ ਜਾਣਕਾਰੀ ਅਤੇ ਸਰੋਤਾਂ ਲਈ ਕਿਰਪਾ ਕਰਕੇ ਨਾਲ ਨੱਥੀ ਕੀਤੀ ਗਈ ਪੁਸਤਿਕਾ ਵੇਖੋ। ਅਧਿਐਨਾਂ ਵਿੱਚ ਪਾਇਆ ਗਿਆ ਹੈ ਕਿ Varenicline ਵਰਗੀਆਂ ਡਾਕਟਰੀ ਨੁਸਖ਼ੇ ਵਾਲੀਆਂ ਦਵਾਈਆਂ ਸਿਗਰਟਨੋਸ਼ੀ ਛੱਡਣ ਦੀਆਂ ਤੁਹਾਡੀਆਂ ਸੰਭਾਵਨਾਵਾਂ ਨੂੰ ਵਧਾ ਸਕਦੀਆਂ ਹਨ। ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ ਆਪਣੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਸੰਪਰਕ ਕਰਕੇ ਸਿਗਰਟਨੋਸ਼ੀ ਛੱਡਣ ਲਈ ਡਾਕਟਰੀ ਨੁਸਖ਼ੇ ਵਾਲੀਆਂ ਦਵਾਈਆਂ ਬਾਰੇ ਗੱਲਬਾਤ ਕਰੋ, ਜੋ BC Smoking Cessation Program ਅਧੀਨ ਕਵਰ ਕੀਤੀਆਂ ਜਾ ਸਕਦੀਆਂ ਹਨ।

ਫੇਫੜਿਆਂ ਦੀ ਸਕ੍ਰੀਨਿੰਗ ਦੇ ਨਤੀਜਿਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ screeningbc.ca/lung 'ਤੇ ਜਾਉ।

BC Cancer Lung Screening Program ਵਿੱਚ ਭਾਗ ਲੈਣ ਲਈ ਤੁਹਾਡਾ ਧੰਨਵਾਦ।

Dr. Stephen Lam
Lung Screening Medical Director

BC Cancer Lung Screening Program
screening@bccancer.bc.ca
1-877-717-5864

SAMPLE

BC CANCER LUNG SCREENING
Provincial Health Services Authority

ਫੇਫੜਿਆਂ ਦੀ ਸਕ੍ਰੀਨਿੰਗ ਦੇ ਨਤੀਜਿਆਂ ਦੀ ਸੂਚਨਾ
ਫਾਲੋ-ਅੱਪ ਦੀ ਸਿਫ਼ਾਰਸ਼ ਕੀਤੀ ਗਈ ਹੈ

ਜੇਕਰ ਤੁਹਾਡੀ ਅਗਲੀ ਸਕ੍ਰੀਨਿੰਗ ਤੋਂ ਪਹਿਲਾਂ ਤੁਹਾਡਾ ਪਤਾ ਬਦਲ ਜਾਂਦਾ ਹੈ, ਤਾਂ ਕਿਰਪਾ ਕਰਕੇ addresschange.gov.bc.ca/ 'ਤੇ ਜਾ ਕੇ ICBC ਅਤੇ Health Insurance BC ਦੀ ਜਾਣਕਾਰੀ ਇੱਕੋ ਸਮੇਂ ਅੱਪਡੇਟ ਕਰੋ।

ਫੇਫੜਿਆਂ ਦੀ ਸਕ੍ਰੀਨਿੰਗ ਦੀਆਂ ਸੂਚਨਾਵਾਂ Health Gateway 'ਤੇ ਆਨਲਾਈਨ ਉਪਲਬਧ ਹਨ। ਪਹੁੰਚ ਲਈ ਰਜਿਸਟਰ ਕਰਨ ਵਾਸਤੇ ਕਿਰਪਾ ਕਰਕੇ healthgateway.gov.bc.ca/ 'ਤੇ ਜਾਉ।

ਜੇਕਰ ਤੁਹਾਨੂੰ ਇਹ ਰਿਪੋਰਟ ਗਲਤੀ ਨਾਲ ਮਿਲੀ ਹੈ ਜਾਂ ਤੁਹਾਡਾ ਸਿਹਤ-ਸੰਭਾਲ ਪ੍ਰਦਾਨਕਰਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ ਸਾਨੂੰ 1-877-717-5864 'ਤੇ ਸੂਚਿਤ ਕਰੋ।

Screening Facility:
Lung Screening Site Name
Lung Screening Site Phone

SAMPLE

BC Cancer ਸਕ੍ਰੀਨਿੰਗ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਲਈ, ਜਿਸ ਵਿੱਚ ਸੰਚਾਰ ਸੰਪਰਕ, ਫਾਲੋ-ਅੱਪ ਅਤੇ ਪ੍ਰੋਗਰਾਮ ਦੇ ਮੁਲਾਂਕਣ ਦੇ ਉਦੇਸ਼ ਸ਼ਾਮਲ ਹਨ, ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰੇਗਾ ਅਤੇ ਇਸਦੀ ਵਰਤੋਂ ਕਰੇਗਾ। ਇਹ ਜਾਣਕਾਰੀ FIPPA ਧਾਰਾ 26(c) ਅਤੇ (e) ਦੇ ਅਨੁਸਾਰ ਇਕੱਠੀ ਕੀਤੀ ਜਾ ਰਹੀ ਹੈ। ਜੇਕਰ ਤੁਹਾਨੂੰ ਆਪਣੀ ਨਿੱਜੀ ਜਾਣਕਾਰੀ ਦੇ ਇਕੱਠੇ ਕਰਨ ਜਾਂ ਵਰਤੋਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ screening@bccancer.bc.ca ਨਾਲ ਸੰਪਰਕ ਕਰੋ। ਗੁਪਤਤਾ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ Screeningbc.ca 'ਤੇ ਜਾਉ।

BC Cancer Lung Screening Program
screening@bccancer.bc.ca
1-877-717-5864